## ਹੌਰਸਸ਼ੂਅ ਬੇਅ ਵਾਲੇ ਫੈਰੀ ਟਰਮੀਨਲ ਤੋਂ

ਸੈਕੰਡ ਨੈਰੋਜ਼ ਬਰਿਜ (2nd Narrows Bridge) ਪਾਰ ਕਰਕੇ ਫਰ੍ਹੀ ਵੇਅ ਈਸਟ (freeway east) ਤੇ ਚੱਲੋ। ਰੈਨਫਰੂ ਸਟਰੀਟ (Renfrew Street) ਤੇ ਜਾਣ ਲਈ ਮਗਿੱਲ ਸਟਰੀਟ (McGill Street) ਤੇ ਸੱਜੇ ਪਾਸੇ ਬਾਹਰ ਨਿਕਲੋ। ਰੈਨਫਰੂ ਸਟਰੀਟ ਤੇ ਖੱਬੇ ਮੁੜੋ ਤੇ ਗ੍ਰੈਂਡਵਿਊ ਹਾਈਵੇ (Grandview Highway) (12ਵੇਂ ਐਵਨਿਊ; 12th Ave ) ਤੱਕ ਚੱਲੋ। ਗ੍ਰੈਂਡਵਿਊ ਹਾਈਵੇ ਤੇ ਸੱਜੇ ਮੁੜੋ। ਏਥੋਂ ਦੂਜੀ ਲਾਈਟ ਤੇ ਸਲੋਕੈਨ ਸਟਰੀਟ (Slocan Street) ਹੈ। ਏਥੋਂ ਖੱਬੇ ਮੁੜੋ ਤੇ ਪਹਾੜੀ ਤੇ ਚੜ੍ਹੋ।

## ਟਵਾਸਨ ਵਾਲੇ ਫੈਰੀ ਟਰਮੀਨਲ ਤੋਂ:

ਫੈਰੀ ਤੋਂ ਤੁਸੀਂ ਹਾਈਵੇ 17 (Hwy 17) ਤੇ ਨਿਕਲੋਂ ਗੇ। ਏਥੋਂ ਰਿਚਮੰਡ/ਵੈਨਕੂਵਰ ਨੂੰ ਜਾਣ ਲਈ ਹਾਈਵੇ 99 ਨੌਰਥ ਦਾ ਰੈਂਪ (Hwy 99 North ramp) ਲਓ। ਇਹ ਰੈਂਪ ਰੂਟ 99 ਨੌਰਥ (Route 99 North) ਵਿਚ ਮਿਲ ਜਾਂਦਾ ਹੈ। ਹਾਈਵੇ 91 ਈਸਟ (Hwy 91 East) ਤੇ ਪੈਣ ਲਈ ਐਗਜ਼ਿਟ 33 (Exit 33) ਤੇ ਬਾਹਰ ਨਿਕਲੋ। ਫੇਰ 33ਵੇਂ ਐਵਿਨਿਊ ( 33rd Ave) ਤੇ ਜਾਣ ਲਈ ਨਾਈਟ ਸਟਰੀਟ ਐਗਜ਼ਿਟ (Knight Street Exit ) ਕੇਵਲ 33ਵੇਂ ਐਵਨਿਊ ਨੂੰ ਲਵੋ। 33ਵੇਂ ਐਵਿਨਿਊ ਤੇ ਸੱਜੇ ਮੁੜੋ ਜਿਹੜਾ ਕਿੰਗਜ਼ਵੇ (Kingsway) ਤੇ ਜਾ ਕੇ ਸਲੋਕੈਨ ਸਟਰੀਟ (Slocan Street) ਬਣ ਜਾਂਦਾ ਹੈ। ਸਲੋਕੈਨ ਸਟਰੀਟ ਤੇ ਸਨੀ ਹਿੱਲ ਤੱਕ ਜਾਓ।

## ਵੈਨਕੂਵਰ ਅੰਤਰ ਰਾਸ਼ਟਰੀ ਏਅਰਪੋਰਟ ਤੋਂ:

ਏਅਰਪੋਰਟ (Airport) ਤੋਂ ਬਾਹਰ ਨਿਕਲਣ ਵਾਲਾ ਰਾਹ ਗਰੈਂਟ ਮਕਾਨਚੀ ਵੇਅ (Grant McConachie Way) ਬਣ ਜਾਂਦਾ ਹੈ। ਗਰੈਂਟ ਮਕਾਨਚੀ ਵੇਅ ਵੈਨਕੂਵਰ ਵੱਲ ਜਾਣ ਲਈ ਆਰਥਰ ਲਿਐਂਗ ਬਰਿਜ (Arthur Liang Bridge) ਬਣ ਜਾਂਦਾ ਹੈ। ਪੁਲ ਤੇ ਖੱਬੇ ਪਾਸੇ ਰਹੋ ਤੇ ਸਾਊਥ ਵੈਸਟ ਮਰੀਨ ਡਰਾਈਵ (SouthWest Marine Drive) ਤੇ ਬਾਹਰ ਨਿਕਲ ਜਾਓ। ਸਾਊਥ ਵੈਸਟ ਮਰੀਨ ਡਰਾਈਵ ਤੇ ਈਸਟ (East) ਵੱਲ ਜਾਓ। ਨਾਈਟ ਸਟਰੀਟ ਨਾਰਥ (Night Street North) ਦਾ ਐਗਜ਼ਿਟ ਲੈ ਲਵੋ ਤੇ ਇਸ ਤੇ 33ਵੇਂ ਐਵਨਿਊ (33rd Ave) ਤੱਕ ਜਾਓ। 33ਵੇਂ ਐਵਨਿਊ ਤੇ ਸੱਜੇ ਪਾਸੇ ਮੁੜੋ ਜੋ ਕਿੰਗਜ਼ਵੇ (Kingsway) ਤੇ ਜਾ ਕੇ (Slocan) ਸਲੋਕੈਨ ਬਣ ਜਾਂਦੀ ਹੈ। ਸਲੋਕੈਨ ਸਟਰੀਟ ਤੇ ਸਨੀ ਹਿੱਲ ਤਕ ਜਾਓ।

## ਕੀ ਸਨੀ ਹਿੱਲ ਤਕ ਜਾਣ ਆਉਣ ਲਈ ਪਬਲਿਕ ਟ੍ਰਾਂਜ਼ਿਟ ਹੈ?

ਟਰਾਂਸਲਿੰਕ (Translink) ਬੱਸ, ਰੈਨਫਰੂ ਸਟਰੀਟ (Renfrew Street) ਉਤੇ 21ਵੇਂ ਐਵਨਿਊ (21st Avenue) ਦੇ ਨੇੜੇ, ਅਤੇ 22ਵੇਂ (22nd Avenue) ਐਵਿਨਿਊ ਦੇ ਨੇੜੇ, ਅਤੇ ਸਲੋਕੈਨ ਸਟਰੀਟ (Slocan Street) ਤੇ ਖੜ੍ਹਦੀ ਹੈ। ਬੱਸ ਅੱਡਾ 22ਵੇਂ ਐਵਨਿਊ ਅਤੇ ਸਲੋਕੈਨ ਸਟਰੀਟ ਉਤੇ ਹੈ। ਏਥੇ ਵੀਲਚੇਅਰ ਵਾਸਤੇ ਰਾਹ ਹੈ ਅਤੇ ਇਹ ਹਸਪਤਾਲ ਦੇ ਨੇੜੇ ਹੈ।

ਟ੍ਰਾਂਸਲਿੰਕ (Translink) ਸੇਵਾਵਾਂ ਦੀ ਜਾਣਕਾਰੀ ਲਈ ਫ਼ੋਨ ਕਰੋ: (604) 953-3333 ਜਾਂ ਇਹ ਵੈੱਬਸਾਈਟ ਵੇਖੋ: www.translink.bc.ca/

ਜੇ ਤੁਸੀਂ ਵੈਨਕੂਵਰ ਆਈਲੈਂਡ ਤੋਂ ਆ ਰਹੇ ਹੋ ਤੇ ਤੁਹਾਨੂੰ ਫੈਰੀ ਦੇ ਟਾਈਮ ਟੇਬਲ ਦੀ ਜਾਣਕਾਰੀ ਦੀ ਲੋੜ ਹੈ ਤਾਂ 1-888-bcferry (1-888-223-3779) ਤੇ ਫੋਨ ਕਰੋ ਜਾਂ ਇਹ ਵੈੱਬਸਾਈਟ ਵੇਖੋ: www.bcferries.ca

ਜੇ ਤੁਸੀਂ ਵੈਨਕੂਵਰ ਨੂੰ ਹਵਾਈ ਜਹਾਜ਼ ਰਾਹੀਂ ਆ ਰਹੇ ਹੋ, ਤਾਂ ਜਾਣਕਾਰੀ ਲਈ ਟ੍ਰਾਂਸਲਿੰਕ (Translink) ਨਾਲ ਸੰਪਰਕ ਕਰੋ ਜਾਂ ਵੈਬਸਾਈਟ www.yvr.ca ਵੇਖੋ।

## ਮੈਂ ਕਿੱਥੇ ਪਾਰਕ ਕਰਾਂ?

ਸਲੋਕੈਨ ਸੜਕ (Slocan Street) ਉਤੇ ਸਨੀ ਹਿੱਲ ਦੇ ਨਾਲ ਦੀ ਪਾਰਕਿੰਗ ਲਾਟ ਵਿਚ ਮੁਫ਼ਤ ਪਾਰਕਿੰਗ ਹੈ। ਤੁਸੀਂ ਆਸ ਪਾਸ ਦੀਆਂ ਕੁਝ ਸੜਕਾਂ ਤੇ ਵੀ ਪਾਰਕ ਕਰ ਸਕਦੇ ਹੋ ਪਰ ਪਹਿਲਾਂ ਉਥੇ ਲੱਗੇ ਸਾਈਨ ਧਿਆਨ ਨਾਲ ਪੜ੍ਹ ਲਵੋ। ਸਨੀ ਹਿੱਲ ਦੇ ਨੇੜਲੇ ਘਰਾਂ ਦੇ ਸਾਹਮਣੇ ਪਾਰਕ ਨਾ ਕਰੋ। ਤੁਹਾਡੀ ਕਾਰ ਨੂੰ ਟਿਕਟ ਮਿਲ ਜਾਵੇਗਾ ਜਾਂ ਉਹ ਟੋਅ ਕਰ ਲਈ ਜਾਵੇਗੀ।

## ਅਸੀਂ ਸ਼ਹਿਰ ਵਿਚ ਬਾਹਰੋਂ ਆਏ ਹਾਂ। ਭੋਜਨ ਤੇ ਰਿਹਾਇਸ਼ ਕਿੱਥੇ ਮਿਲ ਸਕਦੀ ਹੈ?

ਕੁਝ ਸਥਾਨਕ ਮੋਟਲ ਤੇ ਹੋਟਲ ਸਨੀ ਹਿੱਲ ਵਿਚ ਆਉਣ ਵਾਲੇ ਪਰਿਵਾਰਾਂ ਨੂੰ ਵਿਸ਼ੇਸ਼ ਰੇਟ ਦਿੰਦੇ ਹਨ। ਤੁਸੀਂ ਸਾਲ ਦੇ ਕਿਹੜੇ ਸਮੇਂ ਵੈਨਕੂਵਰ ਆਉਂਦੇ ਹੋ ਉਸ ਅਨੁਸਾਰ ਇਹ ਰੇਟ ਬਦਲਦੇ ਰਹਿੰਦੇ ਹਨ।

ਠਹਿਰਣ ਲਈ ਕੁਝ ਥਾਵਾਂ:

**Cassandra Hotel** (ਕਸੈਂਡਰਾ ਹੋਟਲ)
3075 Kingsway, Vancouver
(604) 430-3441; (800) 665-2532

**Easter Seal House** (ਈਸਟਰ ਸੀਲ ਹਾਉਸ)
3981 Oak Street, Vancouver
(604) 736-3475

**Heather House Hostel** (ਹੈਦਰ ਹਾਊਸ ਹੋਸਟਲ)
4500 Oak Street, Vancouver
(604) 875-2298

**Plaza 500** (ਪਲਾਜ਼ਾ 500)
500 W. 12th Avenue, Vancouver
(604) 873-1811; (800) 473-1811

**2400 Motel** (2400 ਮੋਟਲ)
2400 Kingsway, Vancouver
(604) 434-2464; (800) 833-2400

**Executive Inn Hotel** (ਇਗਜ਼ੈਕਟਿਵ ਇਨ ਹੋਟਲ)
4201 Lougheed Highway, Burnaby
(604) 298-2010; (800) 590-3932

**Accent Inn** (ਐਕਸੈਂਟ ਇਨ)
3777 Henning Drive, Burnaby
(604) 473-5000; (800) 663-0298

**Holiday Inn** (ਹੌਲੀਡੇਅ ਇਨ)
4405 Central Blvd., Burnaby
(604) 438-1881

ਪਹਿਲੀ ਮੰਜ਼ਲ ਤੇ ਕੈਫਟੀਰੀਆ ਵਿਚ ਵੈਂਡਿੰਗ ਮਸ਼ੀਨਾਂ ਤੋਂ ਭੋਜਨ ਮਿਲ ਸਕਦਾ ਹੈ। ਭਾਨ ਤੁੜਾਉਣ ਵਾਲੀ ਮਸ਼ੀਨ ਵੀ ਉਥੇ ਹੈ। ਜੇ ਤੁਸੀਂ ਆਪਣਾ ਭੋਜਨ ਲਿਆਉਣਾ ਚਾਹੁੰਦੇ ਹੋ ਤਾਂ ਉਥੇ ਵਰਤਣ ਲਈ ਕੇਤਲੀ, ਮਾਈਕਰੋਵੇਵ, ਟੋਸਟਰ ਤੇ ਫਰਿਜ ਮੌਜੂਦ ਹਨ। ਫੈਮਿਲੀ ਪਲੇਸ ਵਿਚ ਪਏ ਫਰਿਜ ਵਿਚ ਤੁਸੀਂ ਆਪਣਾ ਭੋਜਨ ਰੱਖ ਸਕਦੇ ਹੋ। ਉਸ ਉਤੇ ਆਪਣਾ ਨਾਂ ਜ਼ਰੂਰ ਲਿਖ ਦੇਵੋ।

ਸਨੀ ਹਿੱਲ ਦੇ ਨੇੜ ਕੁਝ ਰੈਸਟੋਰੈਂਟ ਅਤੇ ਇਕ ਛੋਟਾ ਗ੍ਰੋਸਰੀ ਸਟੋਰ ਹੈ। ਗਰੈਂਡਵਿਊ ਹਾਈਵੇ (Grandview) ਤੇ ਮੈਕਡਾਨਲਡ, ਪੀਜ਼ਾ ਅਤੇ ਸੁਸ਼ੀ ਰੈਸਟੋਰੈਂਟ ਹਨ।

## ਹੋਰ ਪ੍ਰਸ਼ਨ?

ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ :


**Sunny Hill Health Centre For Children**
3644 Slocan Street, Vancouver, BC V5M 3E8
ਫ਼ੋਨ: (604) 453-8300
ਫ਼ੈਕਸ: (604) 453-8301
**www.bcchildrens.ca**


*Promoting Better Health for Children with Disabilities through Clinical Services, Education and Research*


© Rev. Ed. Aug 2007 BC Children's Hospital, an Agency of the Provincial Health Services Authority


BCCH461P (Punjabi)


SUNNY HILL HEALTH CENTRE FOR CHILDREN
an agency of the Provincial Health Services Authority

# ਸਨੀ ਹਿੱਲ ਜਾਣ ਲਈ ਤਿਆਰੀ ਕਰਨੀ

Preparing for Your Visit to Sunny Hill

## ਮੇਰੇ ਬੱਚੇ ਦਾ ਮੁੱਲਾਂਕਣ (ਜਾਇਜ਼ਾ ਲੈਣ) ਵੇਲੇ ਕੀ ਕੁਝ ਹੋਵੇਗਾ?

ਆਮ ਮੁੱਲਾਂਕਣ ਕਰਨ ਲਈ ਦਿਨ ਭਰ ਵਿਚ ਕਈ ਘੰਟੇ ਲਗਦੇ ਹਨ। ਕਦੇ ਕਦੇ ਇਸ ਨੂੰ ਦੋ ਦਿਨਾਂ ਵਿਚ ਕਰਨ ਦੀ ਲੋੜ ਪੈ ਜਾਂਦੀ ਹੈ। ਮੁੱਲਾਂਕਣ ਵੇਲੇ ਤੁਹਾਡੇ ਬੱਚੇ ਨੂੰ ਖੁੱਲ੍ਹੇ ਕਪੜੇ ਅਤੇ ਦੌੜਨ ਵਾਲੇ ਬੂਟ ਪਾਉਣੇ ਚਾਹੀਦੇ ਹਨ।

ਮੁੱਲਾਂਕਣ ਵੇਲੇ ਤੁਹਾਨੂੰ ਬੱਚੇ ਦੇ ਵਿਕਾਸ, ਉਸਦੀਆਂ ਸਮਰੱਥਾ ਵਾਲੀਆਂ ਗੱਲਾਂ ਅਤੇ ਔਕੜਾਂ ਵਾਲੇ ਪੱਖਾਂ ਬਾਰੇ ਪੁੱਛਿਆ ਜਾਵੇਗਾ। ਇਸ ਦੌਰਾਨ ਆਪਣੀ ਸਹਾਇਤਾ ਲਈ ਤੁਸੀਂ ਆਪਣੇ ਨਾਲ ਕੋਈ ਦੋਸਤ ਜਾਂ ਰਿਸ਼ਤੇਦਾਰ ਵੀ ਲਿਆ ਸਕਦੇ ਹੋ।

ਤੁਹਾਡੇ ਬੱਚੇ ਨੂੰ ਕੁਝ ਖੇਡਾਂ ਅਤੇ ਟੈਸਟ ਪੂਰੇ ਕਰਨ ਲਈ ਕਿਹਾ ਜਾਵੇਗਾ ਅਤੇ ਖੇਡਣ ਸਮੇਂ ਉਹਨੂੰ ਵਾਚਿਆ ਜਾਵੇਗਾ। ਇਸ ਤਰ੍ਹਾਂ ਮੁੱਲਾਂਕਣ ਕਰਨ ਵਾਲੀ ਟੀਮ ਨੂੰ ਸਮਝਣਾ ਸੌਖਾ ਹੋ ਜਾਵੇਗਾ ਕਿ ਤੁਹਾਡਾ ਬੱਚਾ ਕਿਵੇਂ ਸਿਖਦਾ ਹੈ ਅਤੇ ਕਿਵੇਂ ਵਿਕਾਸ ਕਰ ਰਿਹਾ ਹੈ। ਜੇ ਤੁਹਾਡੇ ਬੱਚੇ ਨੇ ਬਾਲ-ਵਿਕਾਸ ਡਾਕਟਰ (ਡੀਵੈੱਲਪਮੈਂਟਲ ਪੀਡੀਐਟ੍ਰਿਸ਼ਨ) ਕੋਲ ਜਾਣ ਲਈ ਅਪੋਇੰਟਮੈਂਟ ਬਣਾਈ ਹੋਈ ਹੈ ਤਾਂ ਉਹਦੀ ਤੰਤੂਵਿਗਿਆਨਕ (ਨਿਊਰਾਲੋਜੀਕਲ) ਅਤੇ ਸਰੀਰ ਦੀ ਪ੍ਰੀਖਿਆ (ਫਿਜ਼ੀਕਲ ਇਗਜ਼ਾਮੀਨੇਸ਼ਨ) ਵੀ ਸੈੱਟ ਕੀਤੀ ਜਾਵੇਗੀ। ਇਸ ਮੌਕੇ ਤੇ ਉਹਦੀ ਕੋਈ ਡਾਕਟਰੀ ਪੜਤਾਲ ਨਹੀਂ ਕੀਤੀ ਜਾਵੇਗੀ।

ਸਨੀ ਹਿੱਲ ਵਿਦਿਅਕ ਸੁਵਿਧਾ (ਫਸਿੱਲਟੀ) ਹੈ। ਤੁਹਾਡੇ ਬੱਚੇ ਦੇ ਜਾਇਜ਼ੇ ਵਿਚ ਕੋਈ ਵਿਦਿਆਰਥੀ ਜਾਂ ਸਿਖਾਂਦਰੂ ਵੀ ਸ਼ਾਮਲ ਹੋ ਸਕਦਾ ਹੈ।

## ਕੀ ਅੰਗਰੇਜੀ ਤੋਂ ਬਿਨਾ ਹੋਰ ਭਾਸ਼ਾਵਾਂ ਵਿਚ ਵੀ ਸੇਵਾਵਾਂ ਮਿਲਦੀਆਂ ਹਨ?

ਹਾਂ। ਜੇ ਤੁਸੀਂ ਜਾ ਤੁਹਾਡਾ ਬੱਚਾ ਅੰਗਰੇਜ਼ੀ ਦੀ ਥਾਂ ਹੋਰ ਭਾਸ਼ਾ ਬੋਲਦਾ ਹੈ ਅਸੀ ਅਪੋਇੰਟਮੈਂਟ ਵੇਲੇ ਦੁਭਾਸ਼ੀਏ ਦਾ ਪਰਬੰਧ ਕਰਾਂਗੇ। ਕਿਰਪਾ ਕਰਕੇ ਸਾਨੂੰ ਦੱਸ ਦੇਵੋ ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ।

## ਮੈਂ ਸਨੀ ਹਿੱਲ ਕੀ ਲੈਕੇ ਆਵਾਂ?

ਕਿਰਪਾ ਕਰਕੇ ਲਿਆਓ:

- ਆਪਣੇ ਬੱਚੇ ਦਾ ਕੇਅਰ ਕਾਰਡ
- ਆਪਣੇ ਬੱਚੇ ਦਾ ਬੀ.ਸੀ. ਚਿਲਡਰਨ ਹੌਸਪਿਟਲ ਦਾ ਨੀਲਾ ਕਾਰਡ
- ਅਪੋਇੰਟਮੈਂਟ ਵਾਲੀ ਪਰਚੀ
- ਉਨ੍ਹਾਂ ਦੁਆਈਆਂ ਦੀ ਲਿਸਟ ਤੇ ਮਿਕਦਾਰ ਜੋ ਤੁਹਾਡਾ ਬੱਚਾ ਲੈਂਦਾ ਹੈ
- ਨੋਟ ਪੇਪਰ ਅਤੇ ਪੈਨ

ਆਪਣੇ ਬੱਚੇ ਦੇ ਦਿਨ ਨੂੰ ਸੁਖਾਵਾਂ ਬਣਾਉਣ ਲਈ ਲੈ ਕੇ ਆਓ:

- ਸਨੈਕ (ਹਲਕਾ ਭੋਜਨ)
- ਬੱਚੇ ਦੇ ਵਿਹਲੇ ਸਮੇਂ ਵੇਲੇ ਕਰਨ ਲਈ ਕੁਝ ਕੰਮ ( ਪੜ੍ਹਨ ਲਈ ਪੁਸਤਕ, ਰੰਗ ਆਦਿ)
- ਕੋਈ ਵੀ ਚੀਜ਼ ਜਿਸ ਨਾਲ ਬੱਚਾ ਸੌਖਾ ਮਹਿਸੂਸ ਕਰੇ (ਮਨਪਸੰਦ ਖਿਡਾਉਣਾ, ਕੰਬਲ ਆਦਿ)

ਇਹ ਬੱਚੇ ਦਾ ਜਾਇਜ਼ਾ ਲੈਣ ਵਿਚ ਟੀਮ ਦੀ ਸਹਾਇਤਾ ਕਰੇਗੀ ਜੇ ਤੁਸੀ ਲੈਕੇ ਆਓ:

- ਸਨੀ ਹਿੱਲ ਆਉਣ ਤਕ ਆਪਣੇ ਬੱਚੇ ਦੀ ਨਿਗਰਾਨੀ ਕਰਦਿਆਂ ਤੁਹਾਡੇ ਵੱਲੋਂ ਨੋਟ ਕੀਤੀਆਂ ਗੱਲਾਂ
- ਬੱਚੇ ਦੇ ਅਧਿਆਪਕਾਂ, ਡਾਕਟਰਾਂ, ਥੈਰਪਿਸਟਾਂ, ਅਤੇ ਹੋਰਨਾਂ ਵੱਲੋਂ ਜੋ ਤੁਹਾਡੇ ਬੱਚੇ ਨੂੰ ਚੰਗੀ ਤਰ੍ਹਾਂ ਜਾਣਦੇ ਹਨ, ਲਿਖਤੀ ਟਿੱਪਣੀਆਂ
- ਹੁਣੇ ਹੁਣੇ ਹੋਏ ਫਾਰਮਲ ਮੁੱਲਾਂਕਣਾਂ (ਡਾਕਟਰਾਂ ਆਦਿ ਵੱਲੋਂ) ਦੀਆ ਨਕਲਾਂ
- ਆਪਣੇ ਬੱਚੇ ਦੀਆ ਲਿਖਤਾਂ ਅਤੇ ਡਰਾਇੰਗਾਂ ਦੇ ਨਮੂਨੇ
- ਆਪਣੇ ਬੱਚੇ ਦੀ ਹੁਣੇ ਹੁਣੇ ਲਈ ਹੋਈ ਫੋਟੋ।

## ਮੈਂ ਘਰੇ ਕੀ ਛੱਡ ਕੇ ਆਵਾਂ

### ਕੀਮਤੀ ਚੀਜ਼ਾਂ

ਕਿਰਪਾ ਕਰਕੇ ਸਨੀ ਹਿੱਲ ਆਉਣ ਵੇਲੇ ਆਪਣੇ ਨਾਲ ਕੋਈ ਕੀਮਤੀ ਚੀਜ਼ ਨਾ ਲੈਕੇ ਆਓ। ਅਸੀਂ ਕਿਸੇ ਗਵਾਚੀ ਜਾਂ ਮਿੱਸਿੰਗ ਚੀਜ਼ ਲਈ ਜ਼ਿੰਮੇਵਾਰ ਨਹੀਂ।

### ਗੈਰ-ਡਾਕਟਰੀ (ਨਾਨ-ਮੈਡੀਕਲ) ਦੁਆਈਆਂ ਅਤੇ ਸ਼ਰਾਬ

ਗੈਰ-ਡਾਕਟਰੀ ਦੁਆਈਆਂ ਅਤੇ ਸ਼ਰਾਬ ਦੀ ਸਨੀ ਹਿੱਲ ਵਿਚ ਬਿਲਕੁਲ ਆਗਿਆ ਨਹੀ। ਜੇ ਤੁਹਾਡੇ ਕੋਲੋਂ ਇਹ ਮਿਲ ਗਈਆਂ ਤਾਂ ਸਕਿਉਰਿਟੀ ਸੇਵਾਵਾਂ ਵਾਲੇ ਤੁਹਾਨੂੰ ਬਿਲਡਿੰਗ ਵਿਚੋਂ ਬਾਹਰ ਕੱਢ ਦੇਣਗੇ।

## ਮੈਨੂੰ ਨਤੀਜਿਆਂ ਦਾ ਕਦੋਂ ਪਤਾ ਲੱਗੇਗਾ?

ਸਾਰੇ ਮੁੱਲਾਂਕਣ ਪੂਰੇ ਹੋਣ ਪਿਛੋਂ ਇਕ ਪਰਿਵਾਰਕ ਮੀਟਿੰਗ ਬੁਲਾਈ ਜਾਵੇਗੀ। ਤੁਹਾਡੇ ਬੱਚੇ ਦੇ ਮੁੱਲਾਂਕਣ ਵਿਚੋਂ ਮਿਲੀ ਜਾਣਕਾਰੀ ਮੁੜ ਵਿਚਾਰੀ ਜਾਵੇਗੀ ਅਤੇ ਜਾਇਜ਼ਾ ਲੈਣ ਵਾਲੀ ਟੀਮ ਬੱਚੇ ਦੀਆਂ ਸਮੱਰਥਾਵਾਂ ਅਤੇ ਬੱਚੇ ਦੇ ਸਹਾਇਤਾ-ਮੰਗਦੇ ਪੱਖਾਂ ਦੀ ਪਛਾਣ ਕਰੇਗੀ। ਫੇਰ ਤੁਹਾਡੀ ਅਤੇ ਬੱਚੇ ਦੀ ਕਮਿਊਨਿਟੀ ਟੀਮ ਦੀ ਸਹਾਇਤਾ ਨਾਲ ਪਲੈਨ ਤਿਆਰ ਕੀਤੀ ਜਾਵੇਗੀ।

ਇਹ ਫੈਸਲਾ ਤੁਸੀਂ ਕਰਨਾ ਹੈ ਕਿ ਪਰਿਵਾਰਕ ਮੀਟਿੰਗ ਵਿਚ ਕਿਸਨੂੰ ਸ਼ਾਮਲ ਕਰਨਾ ਹੈ। ਮੀਟਿੰਗ ਦੌਰਾਨ ਤੁਹਾਡੇ ਬੱਚੇ ਦੀ ਦੇਖਭਾਲ ਦਾ ਅਸੀਂ ਪਰਬੰਧ ਕਰਾਂਗੇ। ਪਰ ਜੇ ਤੁਸੀ ਆਪਣੇ ਨਾਲ ਬੱਚੇ ਦੇ ਭੈਣ ਭਰਾ ਲਿਆਉਣੇ ਹਨ ਤਾਂ ਉਨ੍ਹਾਂ ਦੀ ਦੇਖ ਭਾਲ ਲਈ ਤੁਹਾਨੂੰ ਆਪ ਕਿਸੇ ਵਿਅਕਤੀ ਦਾ ਪਰਬੰਧ ਕਰਨਾ ਪਵੇਗਾ। ਅਗਾਊਂ ਇਤਲਾਹ ਮਿਲਣ ਤੇ ਅਸੀਂ ਉਨ੍ਹਾਂ ਮੈਂਬਰਾਂ ਨਾਲ ਟੈਲੀਫ਼ੋਨ ਮੀਟਿੰਗ ਦਾ ਪਰਬੰਧ ਕਰ ਲਵਾਂਗੇ ਜਿਹੜੇ ਸਰੀਰਕ ਤੌਰ ਤੇ ਹਾਜ਼ਰ ਨਹੀਂ ਹੋ ਸਕਣ ਗੇ।

ਰਿਪੋਰਟ ਤਿਆਰ ਕੀਤੀ ਜਾਵੇਗੀ ਤੇ ਤੁਹਾਨੂੰ ਅਤੇ ਉਨ੍ਹਾਂ ਸਭ ਨੂੰ ਜਿਨ੍ਹਾਂ ਨੂੰ ਤੁਸੀਂ ਚਾਹੋਂਗੇ, ਭੇਜੀ ਜਾਵੇਗੀ, ਇਨ੍ਹਾਂ ਵਿਚ ਤੁਹਾਡੇ ਬੱਚੇ ਦਾ ਡਾਕਟਰ, ਸਕੂਲ ਜਾਂ ਥੈਰਪਿਸਟ ਹੋ ਸਕਦੇ ਹਨ।

## ਮੁੱਲਾਂਕਣ ਪਿੱਛੋਂ ਕੀ ਹੋਵੇਗਾ?

ਤੁਹਾਡੇ ਬੱਚੇ ਦੀ ਰੀਪੋਰਟ ਉਹਨਾਂ ਸਿਫਾਰਸ਼ਾਂ ਦੀ ਲਿਸਟ ਪੇਸ਼ ਕਰੇਗੀ ਜਿਹੜੀਆਂ ਤੁਹਾਡੇ ਬੱਚੇ ਦੀ, ਘਰ, ਸਕੂਲ ਅਤੇ ਕਮਿਊਨਿਟੀ ਵਿਚ ਸਹਾਇਤਾ ਕਰਨਗੀਆਂ। ਇਸਦੀ ਪੈਰਵੀ ਕਰਨ ਦੀ ਸਿਫਾਰਸ਼ ਵੀ ਕੀਤੀ ਜਾ ਸਕਦੀ ਹੈ ਇਹ ਜਾਚਣ ਲਈ ਕਿ ਕੀ ਕੋਈ ਰੋਗ-ਪਛਾਣ (ਡਾਇਗਨੋਸਸ) ਅਜਿਹੇ ਹਨ ਜਿਹੜੇ ਬੱਚੇ ਦੀਆਂ ਮੁਸ਼ਕਲਾਂ ਦੀ ਵਿਆਖਿਆ ਕਰ ਸਕਣ। ਰੀਪੋਰਟ ਵਿਚ ਕੀਤੀਆਂ ਗਈਆਂ ਸਿਫਾਰਸ਼ਾਂ ਨੂੰ ਲਾਗੂ ਕਰਨਾ ਤੁਹਾਡੇ ਉਤੇ ਅਤੇ ਬੱਚੇ ਦੀ ਕਮਿਊਨਿਟੀ ਟੀਮ ਉਤੇ ਨਿਰਭਰ ਕਰਦਾ ਹੈ।

## ਸਨੀ ਹਿੱਲ ਕਿੱਥੇ ਹੈ?

ਅਸੀਂ 3644 ਸਲੋਕੈਨ ਸਟਰੀਟ (3644 Slocan Street) ਉਤੇ ਵੈਨਕੂਵਰ ਵਿਚ ਹਾਂ। ਸਨੀ ਹੈਲਥ ਸੈਂਟਰ, ਚਿਲਡਰਨ'ਜ਼ ਐਂਡ ਵਿਮੈਨ'ਜ਼ ਹੈਲਥ ਸੈਂਟਰ ਬ੍ਰਿਟਿਸ਼ ਕੋਲੰਬੀਆ (Children's and Women's Health Centre of British Columbia) ਦਾ ਹਿੱਸਾ ਹੈ। ਪਰ ਇਹ ਚਿਲਡਰਨ'ਜ਼ ਹਸਪਤਾਲ ਵਿਚ ਸਥਿਤ ਨਹੀਂ ਹੈ।




### ਬੀ.ਸੀ. ਦੇ ਚਿਲਡਰਨ'ਜ਼ ਹਾਸਪੀਟਲ ਤੋਂ:

33ਵਾਂ ਐਵਨਿਊ ਈਸਟ (33rd Ave East) ਲਓ। ਇਹ ਕਿੰਗਜ਼ਵੇ (Kingsway) ਤੇ ਜਾ ਕੇ ਸਲੋਕੈਨ ਸੜਕ (Slocan Street) ਬਣ ਜਾਵੇਗਾ। ਸਲੋਕੈਨ ਸੜਕ ਤੁਹਾਨੂੰ ਸਨੀ ਹਿੱਲ ਲੈ ਜਾਵੇਗੀ।

### ਪੂਰਬ (ਈਸਟ) ਵੱਲੋਂ:

ਹਾਈਵੇ 1 (ਫਰ੍ਹੀ ਵੇਅ ਜਾਂ ਟ੍ਰਾਂਸ ਕੈਨੇਡਾ) (Highway 1; the freeway or Trans Canada ) ਤੋਂ ਗਰੈਂਡਵਿਊ ਹਾਈਵੇ (Grandview Highway) (12ਵੇਂ ਐਵਨਿਊ ਦਾ ਐਗਜ਼ਿਟ, 12th Avenue Exit) ਤੇ ਬਾਹਰ ਨਿਕਲੋ। ਗਰੈਂਡਵਿਊ ਉਤੇ ਰੈਨਫਰੂ (Renfrew) ਲੰਘ ਕੇ ਸਲੋਕੈਨ (Slocan) ਤੇ ਖੱਬੇ ਮੁੜੋ ਤੇ ਪਹਾੜੀ ਤੇ ਚੜ੍ਹ ਕੇ ਸਨੀ ਹਿੱਲ ਪਹੁੰਚੋ।